# Prime Minister’s visit to Mayadevi Temple in Lumbini, Nepal

May 16, 2022

## ਪ੍ਰਧਾਨ ਮੰਤਰੀ ਨੇ ਨੇਪਾਲ ਦੇ ਲੁੰਬਿਨੀ ਵਿੱਚ ਮਾਇਆਦੇਵੀ ਮੰਦਿਰ ਦਾ ਦੌਰਾ ਕੀਤਾ

ਪ੍ਰਧਾਨ ਮੰਤਰੀ, ਸ਼੍ਰੀ ਨਰੇਂਦਰ ਮੋਦੀ ਨੇ ਲੁੰਬਿਨੀ ਦੇ ਆਪਣੇ ਇੱਕ ਦਿਨ ਦੇ ਪ੍ਰਵਾਸ ਦੇ ਦੌਰਾਨ 16 ਮਈ, 2022 ਨੂੰ ਉੱਥੇ ਮਾਇਆਦੇਵੀ ਮੰਦਿਰ ਦੇ ਦਰਸ਼ਨ ਕੀਤੇ। ਉਨ੍ਹਾਂ ਦੇ ਨਾਲ ਨੇਪਾਲ ਦੇ ਪ੍ਰਧਾਨ ਮੰਤਰੀ, ਮਾਣਯੋਗ ਸ਼੍ਰੀ ਸ਼ੇਰ ਬਹਾਦੁਰ ਦੇਉਬਾ ਅਤੇ ਉਨ੍ਹਾਂ ਦੀ ਪਤਨੀ ਡਾ. ਆਰਜ਼ੂ ਰਾਣਾ ਦੇਉਬਾ ਵੀ ਸਨ|

2.ਦੋਨੋਂ ਸਰਕਾਰਾਂ ਦੇ ਮੁਖੀਆਂ ਨੇ ਮੰਦਿਰ ਪਰਿਸਰ ਦੇ ਅੰਦਰ ਮੌਜੂਦ ਉਸ ਚਿਨ੍ਹ-ਪੱਥਰ ਦੇ ਦਰਸ਼ਨ ਕੀਤੇ, ਜੋ ਭਗਵਾਨ ਬੁੱਧ ਦੇ ਅਵਤਾਰ ਦੇ ਸਟੀਕ ਸਥਾਨ ਨੂੰ ਦਰਸਾਉਂਦਾ ਹੈ। ਉਨ੍ਹਾਂ ਨੇ ਬੋਧੀ ਰੀਤੀ-ਰਿਵਾਜਾਂ ਦੇ ਅਨੁਸਾਰ ਕੀਤੀ ਗਈ ਪੂਜਾ ਵਿੱਚ ਹਿੱਸਾ ਲਿਆ|

3.ਦੋਨੋਂ ਪ੍ਰਧਾਨ ਮੰਤਰੀਆਂ ਨੇ ਮੰਦਿਰ ਦੇ ਬਿਲਕੁਲ ਨਾਲ ਸਥਿਤ ਅਸ਼ੋਕ ਥੰਮ੍ਹ ਦੇ ਨੇੜੇ ਦੀਪ ਜਗਾਇਆ| ਇਸ ਥੰਮ੍ਹ ਨੂੰ ਸਮਰਾਟ ਅਸ਼ੋਕ ਨੇ 249 ਈਸਵੀ ਪੂਰਵ ਵਿੱਚ ਬਣਵਾਇਆ ਸੀ। ਭਗਵਾਨ ਬੁੱਧ ਦੇ ਲੁੰਬਿਨੀ ਵਿੱਚ ਜਨਮ ਲੈਣ ਦਾ ਪਹਿਲਾ ਪੁਰਾਲੇਖ ਪ੍ਰਮਾਣ ਇਸ ਥੰਮ੍ਹ ਉੱਤੇ ਉੱਕਰਿਆ ਹੋਇਆ ਹੈ। ਇਸ ਦੇ ਬਾਅਦ, ਦੋਨੋਂ ਪ੍ਰਧਾਨ ਮੰਤਰੀਆਂ ਨੇ ਬੋਧੀ ਬਿਰਖ ਨੂੰ ਜਲ ਅਰਪਿਤ ਕੀਤਾ। ਇਸ ਦੇ ਪੌਦੇ ਨੂੰ ਬੋਧ ਗਯਾ ਤੋਂ ਲਿਆਂਦਾ ਗਿਆ ਸੀ, ਜਿਸ ਨੂੰ ਪ੍ਰਧਾਨ ਮੰਤਰੀ ਸ਼੍ਰੀ ਮੋਦੀ ਨੇ 2014 ਵਿੱਚ ਤੋਹਫ਼ੇ ਵਜੋਂ ਦਿੱਤਾ ਸੀ। ਦੋਨੋਂ ਸਰਕਾਰਾਂ ਦੇ ਮੁਖੀਆਂ ਨੇ ਮੰਦਿਰ ਦੀ ਵਿਜ਼ਿਟਰ ਬੁੱਕ 'ਤੇ ਹਸਤਾਖ਼ਰ ਵੀ ਕੀਤੇ|

ਲੁੰਬਿਨੀ

16 ਮਈ, 2022

DISCLAIMER: This is an approximate translation. The original is available in English on MEA’s website and may be referred to as the official press release.